# Santa Clara ਕਾਉਂਟੀ

**ਵੋਟਰ ਰਜਿਸਟਰਾਰ**

1555 Berger Drive, Bldg. 2,
San Jose, CA 95112
**General Mailing:** P.O. Box 611360, San Jose, CA 95161-1360
**Phone:** 408-299-VOTE (8683); **Toll Free:** 866-430-VOTE (8683); **FAX:** 408-998-7314
www.sccvote.org


---

ਪਿਆਰੇ ਵੋਟਰ,

Santa Clara ਕਾਉਂਟੀ ਦੇ ਵੋਟਰਾਂ ਦੇ ਰਜਿਸਟਰਾਰ ਇਹ **ਬਿਨਾਂ ਦਸਤਖ਼ਤ ਕੀਤੇ ਬੈਲਟ ਲਈ ਬਿਆਨ** ਸਬੰਧੀ ਚਿੱਠੀ ਇਸ ਲਈ ਭੇਜ ਰਹੇ ਹਨ ਕਿਉਂਕਿ ਤੁਸੀਂ ਆਪਣੇ ਆਰਜ਼ੀ ਬੈਲਟ ਦੇ ਲਿਫ਼ਾਫ਼ੇ 'ਤੇ ਦਸਤਖ਼ਤ ਨਹੀਂ ਕੀਤੇ ਸਨ। ਤੁਹਾਡੇ ਵੋਟ 'ਤੇ ਉਦੋਂ ਤੱਕ ਕਾਰਵਾਈ ਨਹੀਂ ਕੀਤੀ ਜਾਵੇਗੀ ਜਦੋਂ ਤੱਕ ਕਿ ਤੁਸੀਂ ਇਸ ਚਿੱਠੀ ਵਿੱਚ ਦਿੱਤੇ ਨਿਰਦੇਸ਼ਾਂ ਦੀ ਪਾਲਣਾ ਨਹੀਂ ਕਰਦੇ ਹੋ।

ਇਸ ਗਲਤੀ ਨੂੰ ਠੀਕ ਕਰਨ ਲਈ, ਤੁਹਾਡਾ ਚਿੱਠੀ ਦੇ ਪਿੱਛੇ ਦਿੱਤੀਆਂ ਹਿਦਾਇਤਾਂ 'ਚੋਂ ਕਿਸੇ ਇੱਕ ਵਿਕਲਪ ਨੂੰ ਪੂਰਾ ਕਰਨਾ ਲਾਜ਼ਮੀ ਹੈ। ਇਹ ਪੱਕਾ ਕਰਨ ਲਈ ਕਿ ਤੁਹਾਡੇ ਆਰਜ਼ੀ ਬੈਲਟ 'ਤੇ ਕਾਰਵਾਈ ਕੀਤੀ ਜਾਏ ਅਤੇ ਉਸਨੂੰ ਗਿਣਿਆ ਜਾਵੇ, ਵੋਟਰਾਂ ਦੇ ਰਜਿਸਟਰਾਰ ਨੂੰ ਇਸ ਚਿੱਠੀ ਦੇ ਪਿੱਛੇ ਦਿੱਤਾ ਤੁਹਾਡਾ ਬਿਆਨ **ਵੀਰਵਾਰ, 3 ਦਸੰਬਰ 2020, ਸ਼ਾਮ 5 ਵਜੇ** ਤੋਂ ਪਹਿਲਾਂ ਮਿਲ ਜਾਣਾ ਲਾਜ਼ਮੀ ਹੈ, ਜਾਂ ਤੁਸੀਂ ਇਸ ਤਾਰੀਖ਼ ਅਤੇ ਸਮੇਂ ਤੋਂ ਪਹਿਲਾਂ ਵੋਟਰਾਂ ਦੇ ਰਜਿਸਟਰਾਰ ਦੇ ਦਫ਼ਤਰ ਵਿੱਚ ਜਾ ਕੇ ਆਪਣੇ ਮੂਲ ਬੈਲਟ ਲਿਫ਼ਾਫ਼ੇ 'ਤੇ ਦਸਤਖ਼ਤ ਕਰ ਸਕਦੇ ਹੋ।

| | |
|---|---|
| **Santa Clara ਕਾਉਂਟੀ**<br>**ਵੋਟਰ ਰਜਿਸਟਰਾਰ**<br>1555 Berger Drive, Building 2<br>San Jose, CA 95112<br><br>**ਟੋਲ ਫ੍ਰੀ:** 866-430-VOTE (8683)<br>**ਫੈਕਸ:** 408-998-7314<br>**ਈਮੇਲ:** voterinfo@rov.sccgov.org | **ਨੇਮੀ ਕੰਮਕਾਜ ਦੇ ਘੰਟੇ:**<br>ਸੋਮਵਾਰ – ਸ਼ੁਕਰਵਾਰ, ਸਵੇਰੇ 8:00 ਵਜੇ – ਸ਼ਾਮ 5:00 ਤੱਕ<br>*(ਛੁੱਟੀਆਂ ਵਾਲੇ ਦਿਨਾਂ ਨੂੰ ਛੱਡ ਕੇ)* |
| ਸਾਡੇ ਦਫ਼ਤਰ ਦੇ ਰਸਤੇ ਲਈ ਦਿਸ਼ਾਵਾਂ ਇੱਥੇ ਦੇਖੋ:<br>**www.sccgov.org/sites/rov/Resources/Pages/HoursLocationsDirections.aspx** | |

***ਬਿਨਾਂ ਦਸਤਖ਼ਤ ਕੀਤੇ ਗਏ ਬੈਲਟ ਲਈ ਤੁਹਾਡਾ ਬਿਆਨ***
***Santa Clara ਕਾਉਂਟੀ ਦੇ ਵੋਟਰਾਂ ਦੇ ਰਜਿਸਟਰਾਰ ਦੇ ਦਫ਼ਤਰ ਨੂੰ 3 ਦਸੰਬਰ, 2020 ਨੂੰ***
***ਸ਼ਾਮ 5 ਵਜੇ ਤੋਂ ਪਹਿਲਾਂ ਮਿਲ ਜਾਣਾ ਲਾਜ਼ਮੀ ਹੈ।***


ਸੁਪਰਵਾਈਜ਼ਰਾਂ ਦਾ ਬੋਰਡ: Mike Wasserman, Cindy Chavez, Dave Cortese, Susan Ellenberg, S. Joseph Simitian
ਕਾਉਂਟੀ ਕਾਰਜਕਾਰੀ ਅਧਿਕਾਰੀ: Jeffrey V. Smith

## **ਇਨ੍ਹਾਂ ਹਿਦਾਇਤਾਂ ਨੂੰ ਧਿਆਨ ਨਾਲ ਪੜ੍ਹੋ।**
## **ਇਨ੍ਹਾਂ ਹਿਦਾਇਤਾਂ ਦੀ ਪਾਲਣਾ ਨਾ ਕਰਨ ਨਾਲ ਹੋ ਸਕਦਾ ਹੈ ਕਿ ਤੁਹਾਡੇ ਬੈਲਟ ਨੂੰ ਗਿਣਿਆ ਨਾ ਜਾਏ।**

ਆਪਣੇ ਆਰਜ਼ੀ ਬੈਲਟ 'ਤੇ ਕਾਰਵਾਈ ਕੀਤੇ ਜਾਣ ਨੂੰ ਪੱਕਾ ਕਰਨ ਲਈ, ਹੇਠਾਂ ਦਿੱਤੇ ਬਿਆਨ ਨੂੰ ਭਰੋ ਅਤੇ "ਵੋਟਰ ਦੇ ਦਸਤਖ਼ਤ" ਦੇ ਉੱਤੇ ਦਿੱਤੀ ਲਾਈਨ 'ਤੇ ਦਸਤਖ਼ਤ ਕਰੋ। ਤੁਸੀਂ ਹੇਠਾਂ ਦਿੱਤੇ ਵਾਪਸੀ ਭੇਜਣ ਦੇ ਵਿਕਲਪਾਂ 'ਚੋਂ ਕਿਸੇ ਇੱਕ ਦੀ ਵਰਤੋਂ ਕਰਕੇ ਆਪਣੇ ਦਸਤਖ਼ਤ ਕੀਤੇ ਬਿਆਨ ਨੂੰ ਵਾਪਸ ਭੇਜ ਸਕਦੇ ਹੋ:

1. **ਦਸਤਖ਼ਤ ਕੀਤਾ ਅਤੇ ਪੂਰਾ ਕੀਤਾ ਹੋਇਆ ਬਿਆਨ ਸਾਡੇ ਦਫ਼ਤਰ ਨੂੰ ਈਮੇਲ ਰਾਹੀਂ ਭੇਜੋ।** ਈਮੇਲ ਕੀਤਾ ਗਿਆ ਬਿਆਨ ਸਾਡੇ ਦਫ਼ਤਰ ਨੂੰ ***3 ਦਸੰਬਰ, 2020 ਸ਼ਾਮ 5 ਵਜੇ*** ਤੋਂ ਪਹਿਲਾਂ ਮਿਲ ਜਾਣਾ ਲਾਜ਼ਮੀ ਹੈ। ਇਸ ਲਈ ਈਮੇਲ ਪਤਾ voterinfo@rov.sccgov.org ਹੈ।

2. **ਦਸਤਖ਼ਤ ਕੀਤੇ ਅਤੇ ਪੂਰੇ ਕੀਤੇ ਹੋਏ ਬਿਆਨ ਨੂੰ ਨਾਲ ਲਗੇ ਡਾਕ-ਟਿਕਟ ਅਦਾ ਕੀਤੇ ਹੋਏ ਲਿਫ਼ਾਫ਼ੇ ਵਿੱਚ ਪਾਕੇ ਡਾਕ ਰਾਹੀਂ ਸਾਡੇ ਦਫ਼ਤਰ ਵਿੱਚ ਭੇਜੋ।** ਇਹ ਬਿਆਨ ਸਾਡੇ ਦਫ਼ਤਰ ਨੂੰ ਹੇਠਾਂ ਦਿੱਤੇ ਪਤੇ 'ਤੇ ***3 ਦਸੰਬਰ, 2020 ਸ਼ਾਮ 5 ਵਜੇ*** ਤੋਂ ਪਹਿਲਾਂ ਮਿਲ ਜਾਣਾ ਲਾਜ਼ਮੀ ਹੈ। ਪੋਸਟਮਾਰਕ ਸਵੀਕਾਰ ਨਹੀਂ ਕੀਤੇ ਜਾਣਗੇ।

3. **ਦਸਤਖ਼ਤ ਕੀਤਾ ਅਤੇ ਪੂਰਾ ਕੀਤਾ ਹੋਇਆ ਬਿਆਨ ਸਾਡੇ ਦਫ਼ਤਰ ਨੂੰ ਫੈਕਸ ਰਾਹੀਂ ਭੇਜੋ।** ਫੈਕਸ ਕੀਤਾ ਗਿਆ ਬਿਆਨ ਸਾਨੂੰ ***3 ਦਸੰਬਰ 2020 ਸ਼ਾਮ 5 ਵਜੇ*** ਤੋਂ ਪਹਿਲਾਂ ਮਿਲ ਜਾਣਾ ਲਾਜ਼ਮੀ ਹੈ। ਇਸ ਲਈ ਫੈਕਸ ਨੰਬਰ 408-998-7314 ਹੈ।

4. **ਵੋਟਰਾਂ ਦੇ ਰਜਿਸਟਰਾਰ ਦੇ ਦਫ਼ਤਰ ਵਿੱਚ ਆਪ ਜਾਕੇ ਵਾਪਸ ਕਰੋ।** ਆਪਣੇ ਮੂਲ ਆਰਜ਼ੀ ਬੈਲਟ ਦੇ ਲਿਫ਼ਾਫ਼ੇ 'ਤੇ ਦਸਤਖ਼ਤ ਕਰਨ ਲਈ ਜਾਂ ਬਿਨਾਂ ਦਸਤਖ਼ਤ ਕੀਤੇ ਗਏ ਬੈਲਟ ਲਈ ਆਪਣੇ ਬਿਆਨ ਨੂੰ ਵਾਪਸ ਕਰਨ ਲਈ, ਤੁਸੀਂ ਹੇਠਾਂ ਦਿੱਤੇ ਪਤੇ 'ਤੇ ਸੋਮਵਾਰ ਤੋਂ ਸ਼ੁੱਕਰਵਾਰ ਦੇ ਵਿਚਕਾਰ ਸਵੇਰੇ 8:00 ਵਜੇ ਤੋਂ ਸ਼ਾਮ 5:00 ਵਜੇ ਤੱਕ ਸਾਡੇ ਦਫਤਰ ਆ ਸਕਦੇ ਹੋ। ਇਹ ***3 ਦਸੰਬਰ, 2020 ਨੂੰ ਸ਼ਾਮ 5 ਵਜੇ ਤੋਂ ਪਹਿਲਾਂ ਹੋ ਜਾਣਾ ਲਾਜ਼ਮੀ ਹੈ।***

### **ਬਿਨਾਂ ਦਸਤਖ਼ਤ ਕੀਤੇ ਗਏ ਬੈਲਟ ਲਈ ਬਿਆਨ**

ਮੈਂ, ______________________________________________ , Santa Clara ਕਾਉਂਟੀ,

(ਵੋਟਰ ਦਾ ਨਾਮ)

California ਰਾਜ ਦਾ/ਦੀ ਇੱਕ ਰਜਿਸਟਰਡ ਵੋਟਰ ਹਾਂ। ਮੈਂ ਝੂਠ ਬੋਲਣ ਲਈ ਜੁਰਮਾਨੇ ਦੇ ਤਹਿਤ ਇਹ ਘੋਸ਼ਣਾ ਕਰਦਾ/ਕਰਦੀ ਹਾਂ ਕਿ ਮੈਂ ਹੀ ਉਹ ਵਿਅਕਤੀ ਹਾਂ ਜਿਸਦਾ ਨਾਮ ਆਰਜ਼ੀ ਬੈਲਟ ਲਿਫ਼ਾਫੇ 'ਤੇ ਲਿਖਿਆ ਹੋਇਆ ਰਿਹਾ ਹੈ। ਮੈਂ ਸਮਝਦਾ/ਸਮਝਦੀ ਹਾਂ ਕਿ ਜੇ ਮੈਂ ਵੋਟ ਪਾਉਣ ਦੇ ਸੰਬੰਧ ਵਿੱਚ ਕੋਈ ਧੋਖਾਧੜੀ ਕਰਦਾ/ਕਰਦੀ ਹਾਂ ਜਾਂ ਧੋਖਾਧੜੀ ਦੀ ਕੋਸ਼ਿਸ਼ ਕਰਦਾ/ਕਰਦੀ ਹਾਂ, ਜਾਂ ਜੇ ਮੈਂ ਵੋਟ ਪਾਉਣ ਦੇ ਸਬੰਧ ਵਿੱਚ ਧੋਖਾਧੜੀ ਕਰਨ ਵਿੱਚ ਸਹਾਇਤਾ ਕਰਦਾ/ਕਰਦੀ ਹਾਂ ਜਾਂ ਧੋਖਾਧੜੀ ਕਰਨ ਨੂੰ ਉਕਸਾਉਂਦਾ/ਦੀ ਹਾਂ, ਤਾਂ ਮੈਨੂੰ 16 ਮਹੀਨੇ ਜਾਂ ਦੋ ਜਾਂ ਤਿੰਨ ਸਾਲ ਦੀ ਕੈਦ ਵਾਲੇ ਜੁਰਮ ਦੀ ਸਜ਼ਾ ਦਾ ਦੋਸ਼ੀ ਠਹਿਰਾਇਆ ਜਾ ਸਕਦਾ ਹੈ। ਮੈਂ ਸਮਝਦਾ/ਸਮਝਦੀ ਹਾਂ ਕਿ ਇਸ ਬਿਆਨ 'ਤੇ ਦਸਤਖ਼ਤ ਨਾ ਕਰਨ ਦਾ ਮਤਲਬ ਹੈ ਕਿ ਮੇਰੇ ਆਰਜ਼ੀ ਬੈਲਟ 'ਤੇ ਕਾਰਵਾਈ ਨਹੀਂ ਕੀਤੀ ਜਾਏਗੀ।

(ਦਸਤਖ਼ਤ ਕੀਤੇ ਗਏ) ______________________________________________

**ਵੋਟਰ ਦੇ ਦਸਤਖ਼ਤ** (ਪਾਵਰ ਔਫ਼ ਅਟਾਰਨੀ ਸਵੀਕਾਰ ਨਹੀਂ ਕੀਤੀ ਜਾ ਸਕਦੀ)

(ਗਵਾਹ)______________________________________________

ਸੁਪਰਵਾਈਜ਼ਰਾਂ ਦਾ ਬੋਰਡ: Mike Wasserman, Cindy Chavez, Dave Cortese, Susan Ellenberg, S. Joseph Simitian
ਕਾਉਂਟੀ ਕਾਰਜਕਾਰੀ ਅਧਿਕਾਰੀ: Jeffrey V. Smith

ਜੇ ਵੋਟਰ ਦਸਤਖ਼ਤ ਨਹੀਂ ਕਰ ਸਕਦਾ/ਸਕਦੀ ਹੈ, ਤਾਂ ਉਹ ਇੱਕ ਨਿਸ਼ਾਨ ਬਣਾ ਸਕਦਾ/ਸਕਦੀ ਹੈ ਜਿਸ ਦੀ ਗਵਾਹੀ ਕਿਸੇ ਵਿਅਕਤੀ ਦੁਆਰਾ ਦਿੱਤੀ ਜਾਵੇਗੀ।

ਇਸ____________________ਦਿਨ, ______________________________________________, ਮਹੀਨਾ, 2020 ਨੂੰ ਤਾਰੀਖ਼ ਪਾਈ।

ਰਿਹਾਇਸ਼ ਦਾ ਪਤਾ: ________________________________________________________________________________

ਸੜਕ ਪਤਾ ਸ਼ਹਿਰ ਜ਼ਿਪ ਕੋਡ

ਡਾਕ ਪਤਾ: _____________________________________________________________________________________

ਸੜਕ ਪਤਾ ਸ਼ਹਿਰ ਜ਼ਿਪ ਕੋਡ

**Santa Clara ਕਾਉਂਟੀ ਵੋਟਰ ਰਜਿਸਟਰਾਰ**

**ਪਤਾ:** 1555 Berger Drive, Building 2, San Jose, CA 95112

**ਡਾਕ ਪਤਾ:** P.O Box 611360, San Jose, CA 95161-1360

**ਟੋਲ ਫ੍ਰੀ:** 866-430-VOTE (8683); **ਫੈਕਸ:** 408-998-7314; **ਵੈੱਬਸਾਈਟ:** www.sccvote.org

ਸੁਪਰਵਾਈਜ਼ਰਾਂ ਦਾ ਬੋਰਡ: Mike Wasserman, Cindy Chavez, Dave Cortese, Susan Ellenberg, S. Joseph Simitian

ਕਾਉਂਟੀ ਕਾਰਜਕਾਰੀ ਅਧਿਕਾਰੀ: Jeffrey V. Smith